Exam. Code: 0002
Sub. Code: 0109

1059

B.A./B.Sc.(General)-2nd Semester

Punjabi (Elective)

Time allowed: 3 Hours | Max. Marks: 90

---

**ਨੋਟ:- ਲਿਖਾਈ ਸ਼ੁੱਧ, ਸਾਫ਼ ਤੇ ਪੜ੍ਹਨ ਯੋਗ ਹੋਵੇ ਪ੍ਰਸ਼ਨ ਦਾ ਪੂਰਾ ਭਾਗ ਇੱਕਥਾਂ ਕਰੋ।**

-*-*-*-

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(1) ਚਿੱਟੀ ਕਣਕ ਦੁਆਬੇ ਦੀ,
ਦਾਣੇ ਸਾਹੂਕਾਰ ਲੈ ਗਿਆ।
ਤੂੜੀ ਰਹਿ ਗਈ ਬਾਬੇ ਦੀ,
ਤੇਰਾ ਇਹ ਕੀ ਸੁਭਾਅ ਕਣਕੇ।
ਪਿੜਾਂ ਵਿੱਚ ਤੂੰ ਗਰੀਬੜੀ
ਰਹੇਂ ਮੰਡੀਆਂ 'ਚ ਬਣ ਠਣ ਕੇ।

(2) ਦਿਲ ਕਰਦਾ ਹੈ ਛਾਲ ਕੋਈ ਪੁੱਠੀ ਮਾਰਾਂ
ਟੱਪ ਜਾਵਾਂ ਇਹ ਛੋਟੇਪਣ ਦੀਆਂ
ਨਿੱਕੀਆਂ-ਨਿੱਕੀਆਂ ਭੀੜਾਂ
ਰਹੁ-ਰੀਤਾਂ ਦੇ ਰੱਸੇ
ਸੰਸਕਾਰਾਂ ਦੇ ਟੋਏ ਟਿੱਬੇ
ਟੱਪ ਜਾਵਾਂ। (10)

(ਅ) ਕਿਸੇ ਇੱਕ ਕਵਿਤਾ ਦਾ ਵਿਸ਼ਾ ਵਸਤੂ ਲਿਖੋ:-

(1) ਖ਼ਤਾਂ ਦੀ ਉਡੀਕ
(2) ਲੋਹਾ। (10)

2. (ੳ) ਲੱਖੀ ਨੇ ਸੁਦਾਗਰ ਦਾ ਕਤਲ ਕਿਵੇਂ ਕੀਤਾ?

<u>ਜਾਂ</u>

ਲੱਖੀ ਦਾ ਪਿੰਡ ਦੁਆਬਾ ਕਿਹੋ ਜਿਹਾ ਹੈ? (10)

(ਅ) 'ਦੁਆਬਾ' ਨਾਵਲ ਦੇ ਪਲਾਟ ਦੀ ਬਣਤਰ ਸੰਬੰਧੀ ਜਾਣਕਾਰੀ ਦਿਓ।

<u>ਜਾਂ</u>

ਫ਼ੌਜਾ ਸਿੰਘ ਦਾ ਚਰਿੱਤਰ ਚਿਤਰਨ ਕਰੋ। (10)

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ <u>ਪੰਜ</u> ਪ੍ਰਸ਼ਨਾਂ ਦਾ ਸੰਖੇਪ ਉੱਤਰ ਦਿਓ:-

(ੳ) ਦੁਆਬਾ ਨਾਵਲ ਦੇ ਲੇਖਕ ਦਾ ਨਾਂ ਲਿਖੋ? ਉਹ ਕਿੱਥੋਂ ਦਾ ਰਹਿਣ ਵਾਲਾ ਸੀ?

(ਅ) ਰਾਵੀ ਦਰਿਆਂ ਦਾ ਪਾਣੀ ਦੁਆਬਾ ਪਿੰਡ ਤੇ ਆਲੇ ਦੁਆਲੇ ਵਿੱਚ ਕੀ ਕਰਦਾ ਸੀ?

(ੲ) ਫ਼ੌਜਾ ਸਿੰਘ ਲੱਖੀ ਨੂੰ ਕੀ ਕਹਿ ਕੇ ਪੱਥਰ ਚੁੱਕਣ ਤੋਂ ਰੋਕ ਰਿਹਾ ਸੀ?

(ਸ) ਵਰਿਆਮ ਸਿੰਘ ਦੀ ਪਤਨੀ ਤੇ ਬੱਚਿਆਂ ਦੇ ਨਾਂ ਲਿਖੋ?

**<u>Contd……P/2</u>**

(ਹ) ਕਵੀ ਸੰਤ ਰਾਮ ਉਦਾਸੀ ਦੀਆਂ 'ਨਕਸ਼ ਨੁਹਾਰ ਕਾਵਿ ਸੰਗ੍ਰਹਿ' ਵਿੱਚ ਦਰਜ ਕਵਿਤਾਵਾਂ ਦੇ ਨਾ ਲਿਖੋ?

(ਕ) 'ਪ੍ਰਤਿਬੱਧਤਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ਖ) ਮਾਂ ਨੇ ਖ਼ਤ (ਖ਼ਤਾਂ ਦੀ ਉਡੀਕ) ਵਿੱਚ ਕੀ ਲਿਖਿਆਂ ਹੋਵੇਗਾ?

(ਗ) ਕਵੀ ਅਨੁਸਾਰ ਮਨੁੱਖ ਅੰਦਰ ਕਿਹੜੇ-ਕਿਹੜੇ ਪੰਜ ਤੱਤ ਵੱਸਦੇ ਹਨ? (5×2)

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਕਰੋ:-

(ੳ) ਨਾਨਕ ਸਿੰਘ ਦੀ ਪੰਜਾਬੀ ਨਾਵਲ ਨੂੰ ਕੀ ਦੇਣ ਹੈ ਤੇ ਉਸਦੇ ਪੰਜ ਨਾਵਲਾਂ ਦੇ ਨਾਂ ਵੀ ਲਿਖੋ।

(ਅ) ਕਰਤਾਰ ਸਿੰਘ ਦੁੱਗਲ ਦੁਆਰਾ ਲਿਖੇ ਦਸ ਕਹਾਣੀ ਸੰਗ੍ਰਹਿਆਂ ਦੇ ਨਾਂ ਲਿਖੋ।

(ੲ) ਪੰਜਾਬੀ ਦੀਆਂ ਇਸਤਰੀ ਕਹਾਣੀਕਾਰਾਂ ਬਾਰੇ ਸੰਖੇਪ ਜਾਣਕਾਰੀ ਦਿਓ।

(ਸ) ਭਾਈ ਵੀਰ ਸਿੰਘ ਨੇ ਪੰਜਾਬੀ ਵਿੱਚ ਕੀ ਕੁੱਝ ਲਿਖਿਆ ਹੈ, ਉਨ੍ਹਾਂ ਦੇ ਨਾਵਲਾਂ ਦੇ ਨਾਂ ਲਿਖੋ।

(ਹ) ਕੈਨੇਡਾ ਅਤੇ ਇੰਗਲੈਂਡ ਨਾਲ ਸੰਬੰਧਤ ਸਫ਼ਰਨਾਮਿਆਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਲਿਖੋ।

(ਕ) ਬਲਰਾਜ ਸਾਹਨੀ ਦੇ ਲਿਖੇ ਸਫ਼ਰਨਾਮਿਆਂ ਬਾਰੇ ਜਾਣਕਾਰੀ ਦਿਓ। (4×5)

5. ਅੰਲਕਾਰਾਂ ਦਾ ਵਰਗੀਕਰਣ ਕਰੋ।

<u>ਜਾਂ</u>

ਧੁਨੀ ਸੰਪ੍ਰਦਾਇ ਕੀ ਹੈ ਇਸਦੀਆਂ ਸ਼ਬਦ ਤੇ ਵਿਅੰਜਨਾਂ ਸ਼ਕਤੀਆਂ ਬਾਰੇ ਜਾਣਕਾਰੀ ਦਿਓ? (10)

6. ਸਾਹਿਤ ਦੀ ਪਰਿਭਾਸ਼ਾ ਦੇ ਕੇ ਇਸਦੀ ਪ੍ਰਕ੍ਰਿਤੀ ਬਾਰੇ ਲਿਖੋ।

<u>ਜਾਂ</u>

ਸਾਹਿਤ ਦੇ ਤੱਤਾਂ ਬਾਰੇ ਲਿਖੋ। (10)

-*-*-*-